3456 G

1817

*Original with:*
Language Department Punjab
*Digitized by:*
Panjab Digital Library

262—3-4-61—30,000—C.P. and S. Pb. Patiala.
LANGUAGE DEPARTMENT
LIBRARY ACC.No. ________ PUNJAB.

## Date Due

| Date of Issue | Date of Return | Date of Issue | Date of Return |
|---|---|---|---|
| | | | |

Original with:
Language Department Punjab
Digitized by:
Panjab Digital Library

3456 G

੧ ੳ ਸਤਿਗੁਰਪ੍ਰਸਾਦਿ ॥

ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ ॥ ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ ॥ ਇਉ ਪਾਵਹਿ 'ਹਰਿ ਦਰਸਾਵੜਾ' ਨਹ ਲਗੈ ਤਤੀ ਵਾਉ ਜੀਉ ॥ (ਸੂਹੀ ਮਃ ੫)

# ਸਿੱਖੀ ਵਿਦਯਾ

## ਉੱਪਰ ਦਿਲ ਖਿੱਚਵਾਂ ਲੇਖ

ਜੋ

## ਸ੍ਰੀਮਤੀ ਸਾਵਿਤ੍ਰੀ ਦੇਵੀ

ਸੁਪੁਤ੍ਰੀ ਭਾਈਰੂਪਸਿੰਘਜੀ ਡਿਪਟੀ, ਪਿਨਸ਼ਨੀ, ਲਾਹੌਰ

ਨੇ

੭ ਅਪਰੈਲ ੧੯੧੭ ਨੂੰ ਦਸਵੀਂ ਸਿੱਖ ਵਿਦਯਕ ਕਾਨਫਰੰਸ ਵਿਚ ਸੁਨਾਯਾ ਅਤੇ ਜਿਸਨੂੰ ਸਭ ਨੇ ਸਲਾਹਿਆ ।

---

ਭਾਈ ਮਤਾਬ ਸਿੰਘ, ਮੈਨੇਜਰ ਦੇ ਯਤਨ ਨਾਲ
ਲਾਹੌਰ ਮਸ਼ੀਨ ਪ੍ਰੈਸ ਲਾਹੌਰ ਵਿਚ ਛਪਯਾ.

ਮੱਖ ਗੁਰਮੁਖੀ -) ਮੱਖ ਅੰਗਰੇਜ਼ੀ -)

Original with: Language Department Punjab
Digitized by: Panjab Digital Library

੧ ੴ ਸਤਿਗੁਰਪ੍ਰਸਾਦਿ ॥

# ਖਾਲਸਾ ਜੀ ਵਾ ਅਨਜ ਮਿਤ੍ਰ ਵਰਗੋ !

ਆਲਮਗੀਰ, ਚਕ੍ਰਵਰਤੀ, ਵਿਸ਼੍ਵਵਿਆਪੀ, ਯਾ Universal ਨਿਸ਼ਕਾਮ ਸਿੱਖ ਮਿਸ਼ਨ ਲਾਹੌਰ ਦੇ ਸੇਵਕਾਂ ਨੇ ਜੋ ਸੇਵਾ ਅਜ ਤਕ ਸੰਸਾਰ ਉਪਰ ਧਰਮ ਫੈਲਾਵਣ ਦੀ, ਸੁਖ ਸੰਪਤ ਫੈਲਾਵਣ ਦੀ, ਕੀਤੀ ਹੈ, ਓਹ ਹੇਠ ਲਿਖੇ ਟਰੈਕਟਾਂ ਦ੍ਵਾਰਾ ਪ੍ਰਗਟ ਹੋ ਜਾਵੇਗੀ ॥

ਜਿਥੇ ਦਾਸ ਦੀ ਸੇਵਾ ਦੀ ਲੋੜ ਹੋਵੇ, ਦਾਸ ਹਾਜਰ ਹੈ, ਸਿਰਫ ਕਿਰਾਇਆ ਆਪਣੇ ਪਾਸੋਂ ਦੇਣ ਤੋਂ ਅਸਮਰਥ ਹੈ, ਨਹੀਂ ਤਾਂ ਓਹ ਭੀ ਨਾ ਲੈਂਦਾ। ਸਜਣ ਜਨ ਟਰੈਕਟ ਮੰਗਵਾਕੇ ਵਾ ਦਾਸ ਨੂੰ ਬੁਲਾ ਕੇ ਨਿਰੋਲ ਸਿਖੀ ਦਾ, ਵਾ ਪਰਮਾਤਮਾ ਜੀ ਦੇ ਸਚੇ ਗਿਆਨ ਦਾ, ਉਪਦੇਸ਼ ਕਰਾਵਣ, ਅਤੇ ਧਰਮ ਦਾ ਡੰਕਾ ਸਾਰੇ ਸੰਸਾਰ ਉੱਪਰ ਬਜਵਾਕੇ—'ਇਹ ਲੋਕ ਸੁਖੀਏ ਪਰਲੋਕ ਸੁਹੇਲੇ' ਬਣਨ ॥

1. English Leaflet Practical Theosophy. ਵਰਤਣ ਵਿਚ ਆਈ ਹੋਈ ਸਿਖੀ (ਥਿਆਸਫੀ ਅਤੇ ਸਿਖੀ ਪ੍ਰਯਾਯ ਵਾਚੀ ਸ਼ਬਦ ਹਨ, ਆਸ਼ਾ ਦੋਹਾਂ ਦਾ ਇਕੋ ਹੈ) ਕਈ ਵਾਰ ਛਪਿਆ 6 p.

2. Practical Theosophy, Victory and Universal love, peace harmony and Unity Movement. A world-wide unifying movement, in English, 21,000 copies printed at Peshawar in 1911. 6 pies.

Original with:
Language Department Punjab
Digitized by:
Panjab Digital Library

੧ ਓ ਸਤਿਗੁਰਪ੍ਰਸਾਦਿ ॥

ਸ੍ਰੀਮਾਨ ਸਤਿਕਾਰ ਯੋਗ ਪ੍ਰਧਾਨ ਸਾਹਿਬ, ਭੈਣੋ ਅਤੇ ਭਰਾਵੋ! ਮੈਨੂੰ ਸਿੱਖ ਵਿਦਯਕ ਕਾਨਫਰੰਸ ਦੇ ਸਤਵੇਂ ਸਮਾਗਮ ਪਰ ਜੋ ਜਲੰਧਰ ਵਿਖੇ ੧੯੧੪ ਵਿਚ ਹੋਇਆ ਸੀ। ਇਸ ਸੁਭਾਗ ਅਤੇ ਪਵਿਤ੍ਰ ਇਕੱਠ ਦੇ ਸਾਹਮਣੇ "ਸਿੱਖ ਵਿਦਯਾ" ਦੇ ਮਜ਼ਮੂਨ ਤੇ ਬੋਲਣ ਦਾ ਮਾਣ ਪ੍ਰਾਪਤ ਹੋਇਆ ਸੀ। ਇਹ ਵਿਸ਼ਾ ਇਤਨਾ ਮਹਾਨ ਅਰ ਅਵੱਸ਼ਕ ਹੈ ਕਿ ਇਸਦੇ ਸੰਬੰਧੀ ਸਾਰੇ ਪਹਿਲੂਆਂ ਉਤੇ ਕਾਨਫਰੰਸ ਦੇ ਵਿਚ ਪੜ੍ਹਨੇ ਯੋਗ ਛੋਟੇ ਜਿਹੇ ਲੇਖ ਵਿਚ ਪੂਰਣਤਾ ਨਾਲ ਵਿਚਾਰ ਕਰਨਾ ਉੱਕਾ ਅਸੰਭਵ ਹੈ। ਇਸ ਕਾਰਣ ਮੈਂ ਇਹ ਜਰੂਰੀ ਸਮਝਦੀ ਹਾਂ ਕਿ ਅੱਜ ਵੀ ਉਸੇ ਮਜ਼ਮੂਨ ਉਤੇ ਹੀ ਕੁਛ ਬਿਨੈ ਕਰਾਂ। ਮੈਂ ਪਿਛਲੇ ਲੇਖ ਵਿਚ ਕਿਹਾ ਸੀ ਕਿ ਜਿਥੇ ਕਿਧਰੇ ਭੀ ਕਾਨਫਰੰਸ ਦਾ ਪਵਿਤ੍ਰ ਸਮਾਗਮ ਹੋਇਆ ਹੈ। ਉਥੇ ਹੀ 'ਕਾਨਫਰੰਸ' ਆਪਣੀ ਪਵਿਤ੍ਰ ਯਾਦਗਾਰ ਵਿਚ ਇਕ ਖਾਲਸਾ ਹਾਈ ਸਕੂਲ ਦਾ ਸੁਭਾਗ ਪੌਦਾ ਛੱਡ ਆਈ। ਪਿਛਲੇ ਤਿੰਨਾਂ ਸਾਲਾਂ ਵਿਚ ਇਹ ਸਾਬਤ ਹੋ ਗਿਆ ਹੈ ਕਿ ਭਾਵੇਂ ਅਸੀ ਕਾਨਫਰੰਸ ਦੇ ੧੯੧੫ ਤੇ ੧੯੧੬ ਤੇ ਸਮਾਗਮਾਂ ਤੋਂ ਉਪਰੰਤ ਫੀਰੋਜ਼ਪੁਰ ਤੇ ਤਰਨਤਾਰਨ ਵਿਖੇ ਹਾਈਸਕੂਲ ਜਾਰੀ ਨਹੀਂ ਕਰ ਸਕੇ, ਪਰੰਤੂ ਫਿਰ ਭੀ ਗੁਰ ਸਿੱਖਾਂ ਦਾ

Original with:
Language Department Punjab
Digitized by:
Panjab Digital Library

ਆਪਣੀ ਇਸ ਅਦੁਤੀ ਕਾਨਫਰੰਸ ਨਾਲ ਇਤਨਾ ਗੂੜ੍ਹਾ ਸੰਬੰਧ ਅਤੇ ਪਿਆਰ ਹੈ ਕਿ (ਬਾਵਜੂਦ ਚੰਦ ਏਕ ਖਾਸ ਪ੍ਰਯੋਜਨ ਰੋਸੀ ਪੁਰਸ਼ਾਂ ਵਲੋਂ ਕਈ ਰੁਕਾਵਟਾਂ ਅਰ ਔਕੜਾਂ ਪਾਣ ਦੇ ਭੀ) ਕੌਮ ਇਸਨੂੰ ਕਿਸੇ ਪ੍ਰਕਾਰ ਦੀ ਹਾਨੀ ਪਹੁੰਚਾਵਣ ਅਥਵਾ ਇਸਦੀ ਤਰੱਕੀ ਦੇ ਮੈਦਾਨ ਵਿਚ ਰੁਕਾਵਟਾਂ ਪਾਣ ਦੀ ਹਰਗਿਜ਼ ਆਗਿਆ ਨਹੀਂ ਦੇਵੇਗੀ ॥

ਮੈਂ ਇਹ ਜਾਣਦੀ ਹਾਂ, ਕਿ ਕਈ ਨੇਕ ਇਰਾਦੇ ਅਰ ਸੱਚੀ ਨੀਯਤ ਵਾਲੇ ਭਰਾ ਵੀ ਹਨ, ਜਿਨਾਂ ਦੀ ਕਈ ਇਕ ਮਾਮਲਿਆਂ ਵਿਚ ਰਾਏ ਦਾ ਭੇਦ ਹੈ, honest difference of opinion ਹੈ, ਪਰੰਤੂ ਐਸੇ ਸੱਜਣਾਂ ਨੂੰ ਯੋਗ ਹੈ ਕਿ ਆਪਣੀ ਰਾਇ ਦੀ ਉੱਤਮਤਾ ਅਰ ਸੁੰਦਰਤਾ ਨੂੰ ਸਹੋਦਰਤਾ ਅਰ ਜਥੇ ਬੰਦੀ ਦੇ ਨਿਯਮਾਂ ਅਨੁਸਾਰ ਆਪਣੇ ਸਾਥੀ ਭ੍ਰਾਵਾਂ ਦੇ ਦਿਲ ਤੇ ਬੈਠਾਣ ਦੀ ਕੋਸ਼ਸ਼ ਕਰਨ ਤਾਕਿ ਉਨਾਂ ਦੇ ਦਿਲਾਂ ਨੂੰ ਓਹ ਜਿੱਤ ਲੈਣ। ਇਹ ਅਸੂਲ ਗਲਤ ਹੈ, ਕਿ ਜਦ ਕਿਸੇ ਦੇ ਖਿਆਲ ਬਹੁ ਸੰਮਤੀ ਨਾਲ ਪ੍ਰਵਾਨ ਨਾ ਕੀਤੇ ਜਾਨ ਤ ਉਲਟਾ ਵੈਰ ਵਿਰੋਧ ਵਧਾਣ ਦੀ ਕੋਸ਼ਸ਼ ਕਰੇ ਅਤੇ ਜਥੇ ਬੰਦੀ ਵਿਚੋਂ ਨਿਕਲਕੇ ਛੋਟੇ ਛੋਟੇ ਟੁਕੜੇ ਬਣਾਈ ਜਾਏ ॥

ਸਾਰੇ ਨੇਕ ਅਰ ਵਿਦਵਾਨ ਲੋਕ ਜਦੋਂ ਕਿ ਓਹ ਵੇਖਦੇ ਹਨ ਕਿ ਸਾਡੀ ਰਾਇ ਦਾ ਅਸਰ ਥੋੜਾ ਅਥਵਾ ਘਟ ਹੈ, ਤਾਂ ਐਸੀ ਦਸ਼ਾ ਵਿਚ ਵੀ ਉਹ 'ਜਥੇ ਬੰਦੀ' ਤੋਂ ਕਦੇ ਭੀ ਬਾਹਰ ਨਹੀਂ ਹੋਂਦੇ। ਬਲਕਿ ਸਰਗਰਮੀ ਅਰ ਉਦਮ ਨਾਲ ਉਤਨਾ ਚਿਰ ਕੰਮ ਕਰੀ ਜਾਂਦੇ ਹਨ, ਜਦ ਤਕ ਕਿ ਉਨਾਂ ਦੀ ਰਾਇ (majority) ਮੈਜਾਰਟੀ ਅਥਵਾ ਬਹੁਤ ਭਰਾਵਾਂ ਵਿਚ

Original with:
Language Department Punjab
Digitized by:
Panjab Digital Library

ਕਦਰ ਦੀ ਅੱਖ ਨਾਲ ਤੱਕੀ ਜਾਣ ਲਗ ਪਵੇ ਅਰ ਉਹ ਆਪਣੇ ਉਨ੍ਹਾਂ ਭਰਾਵਾਂ ਦੀ ਜਤਾ ਕੰਮ ਕਰਨ ਲਗ ਜਾਂਦੇ ਹਨ ਜੇਹੜੇ ਕਦੇ ਉਨ੍ਹਾਂ ਨਾਲ "ਰਾਇ ਭੇਦ" ਰਖਦੇ ਸਨ। ਮੈਂ ਖਿਆਲ ਕਰਦੀ ਹਾਂ ਕਿ ਇਹੋ ਤਰੀਕਾ ਸਿੱਖ ਭਰਾਵਾਂ ਨੂੰ ਆਪਣੀ ਸਾਂਝੀ ਪਿਆਰੀ ਵਿਦਜਕ ਕਾਨਫਰੰਸ ਲਈ ਧਾਰਨ ਕਰਨਾ ਚਾਹੀਦਾ ਹੈ। ਇਸਤੋਂ ਅਸੰਗਤਾ ਯਾ ਜੁਦਾਈਗੀ ਅਖਤਿਆਰ ਕਰ ਲੈਣੀ ਅਥਵਾ ਇਸਦੀ ਅਵਸ਼ਕਤਾ, ਗੌਰਵਤਾ ਵਾ ਮਹਾਨਤਾ ਨੂੰ ਘਟਾਣਾ ਗੋਯਾ ਆਪਣੀ ਪੈਰੀਂ ਆਪ ਕੁਹਾੜਾ ਮਾਰਣਾ ਹੈ॥

ਜੇਕਰ ਮੇਰੀ ਇਸ ਸਚੇ ਅਰ ਸ਼ੁਭ ਭਾਵਾਂ ਨਾਲ ਕੀਤੀ ਅਪੀਲ ਨੂੰ ਸਿੱਖ ਭਰਾ ਆਪਣੇ ਦਿਲਾਂ ਵਿਚ ਜਗਾ ਦੇਣ ਗੇ ਤਾਂ ਉਹ ਸਮਾ ਦੂਰ ਨਹੀਂ ਕਿ ਜਦੋਂ ਸਾਡੀ ਏਹ ਪਜਾਰੀ ਕਾਨਫ੍ਰੈਂਸ ਪੰਜਾਬ ਵਿਚ ਇਕ ਸਿੱਖ ਯੂਨੀਵਰਸਿਟੀ ਦਾ ਕੇਂਦਰ ਬਣ ਜਾਏਗੀ ਅਰ ਇਸਦੇ ਸਾਲਾਨਾ ਸਮਾਗਮ ਪੰਜਾਬ ਅਰ ਆਂਢ ਗੁਆਂਢ ਦੇਸਾਂ ਦੇ ਸਾਰੇ ਜ਼ਰੂਰੀ ਵਿਦਜਕ ਮੰਦਰਾਂ ਵਿਚ ਕਾਲਜ ਆਪਣੀ ਯਾਦਗਾਰ ਪਿਛੇ ਛਡ ਜਾਇਆ ਕਰੇਗੀ॥

ਇਹ ਸਭ ਕੁਝ "ਵਾਹਿਗੁਰੂ ਜੀ ਦੀ ਰਛਾ" ਵਿਚ ਸੁਤੇ ਸਿੱਧ ਪੂਰਣ ਹੋ ਜਾਊ, ਕੇਵਲ ਲੋੜ ਇਸ ਗੱਲ ਦੀ ਹੈ ਕਿ ਅਸੀ ਜੋ ਆਪਣੇ ਆਪਨੂੰ ਸਿੱਖ ਕਹਿਲਾਂਦੇ ਹਾਂ, ਸਿੱਖ ਸਿਪਿਰਟ ਨੂੰ ਧਾਰਣ ਕਰੀਏ। ਜਿਸ ਸੰਬੰਧੀ ਮੈਂ ਪਿਛਲੇ ਐਡ੍ਰੈੱਸ (ਲੇਖ) ਵਿਚ ਥੋੜਾ ਕੁ ਵਰਨਣ ਕੀਤਾ ਹੈਸੀ। ਉਸ ਲੇਖ ਵਿਚ ਮੈਂ ਸਿੱਖੀ ਦੇ "ਕੁਰਬਾਨੀ" ਤਿਆਗ, ਆਪਾ ਵਾਰਨ, ਅਰ ਤਨ, ਮਨ, ਸਾਕ, ਸੰਬੰਧ ਸਭ ਕੁਝ ਉਸ ਅਕਾਲ ਪੁਰਖ

Original with:
Language Department Punjab
Digitized by:
Panjab Digital Library

ਦੇ ਨਾਮ ਤੋਂ ਸਦਕਾ ਕਰਨੇ, ਅਰ ਉਸਦੀ ਅਮਾਨਤ ਸਮਝਣੇ ਦੇ ਅਸੂਲਾਂ ਉਤੇ ਖਾਸ ਜ਼ੋਰ ਦਿੱਤਾ ਸੀ, ਮੈਂ ਇਹ ਕਥਨ ਕੀਤਾ ਸੀ ਕਿ ਜਦੋਂ ਅਸੀ ਸਿੱਖ ਇਸ ਬਾਤ ਨੂੰ ਹੱਛੀਤਰਾਂ ਅਨੁਭਵ ਕਰ ਲਵਾਂਗੇ ਕਿ ਅਸੀ ਕੇਵਲ ਅਮਾਨਤਦਾਰ ਹੀ ਹਾਂ, ਫਿਰ ਅਸੀਂ ਉਨਾਂ ਨਿਯਮਾਂ ਨੂੰ (ਜਿਨਾਂ ਅਨੁਸਾਰ ਇਹ ਅਮਾਨਤ ਸਾਡੇ ਸਪੁਰਦ ਕੀਤੀ ਗਈ ਹੈ) ਉਲੰਘਣ ਕਰਦੇ ਹੋਏ ਅਮਾਨਤ ਵਿਚ ਖਿਆਨਤ ਨਹੀਂ ਕਰ ਸਕਦੇ॥

੨—ਅੱਜ ਮੈਂ ਆਪ ਸਭ ਭਰਾਵਾਂ ਦਾ ਧਯਾਨ ਇਕ ਬੜੇ ਸਾਦਾ ਪਰ ਪ੍ਰਸਿਧ ਅਸੂਲ 'ਵਾਹਿਗੁਰੂ ਜੀਕਾ ਖਾਲਸਾ' ਅਰਥਾਤ 'ਖਾਲਸਾ ਵਾਹਿਗੁਰੂ ਜੀ ਦਾ ਹੈ' ਵਲ ਦਿਲਾਣਾ ਚਾਹੁੰਦੀ ਹਾਂ। ਇਹ ਸ਼ਬਦ ਬੜੇ ਉਚੇ ਆਸ਼ੇ ਅਰ ਆਦਰਸ਼ ਜਨਕ ਹਨ ਅਰ ਕਪਟ ਛਲ ਦੇਹ ਅਧਯਾਸ ਦੀ ਤ੍ਰਿਸ਼ਨ ਕਰਕੇ ਪੂਰਨ ਬੁਧੀ ਤੋਂ ਅਲੱਗਥਲੱਗ ਨਿਰੋਲ ਸ੍ਵਛ ਨਿਸ਼ ਕਪਟ ਅਰ ਸੱਚੀ ਬੁਧੀ ਮੱਤਾ ਵਿਖੇ ਲਬਾਲਬ ਪੂਰਨ ਹਨ ਅਸਾਡੇ ਹਿੰਦੂ ਭਰਾ ਪਰਮਾਤਮਾ ਦੇ ਨਾਲ ੩੩ ਕ੍ਰੋੜ ਦੇਵੀ ਦੇਵਤਾ ਅਰ ਅਨਗਿਣਤ ਰਿਖੀਆਂ ਮੁਨੀਆਂ ਦੇ ਉਪਾਸਕ ਹਨ। ਮੁਸਲਮਾਨ ਭਰਾ ਪ੍ਰਗਟ ਤੌਰ ਪਰ ਅਪਣਾ ਨਾਮ ਅਪਣੇ ਅਰਬ ਦੇ ਨਬੀ ਮਹੰਮਦ ਸਾਹਿਬ ਤੋਂ ਪ੍ਰਾਪਤ ਕਰਦੇ ਹਨ, ਅਰ ਈਸਾਈ ਭਰਾ ਖੁਦਾ ਦੇ ਪੁਤ੍ਰ ਹਜ਼ਰਤ ਈਸਾਮਸੀਹ ਦੇ ਨਾਮ ਉਤੇ ਈਸਾਈ ਸਦੇ ਜਾਂਦੇ ਹਨ। ਬੋਧੀ ਅਰ ਪਾਰਸੀ ਆਪੋ ਆਪਣੇ ਪੈਗੰਬਰ ਬੁਧ ਅਰ (ਜ਼ਰਦੁਸਤ) ਦੇ ਨਾਮ ਨਾਲ ਪੁਕਾਰੇ ਜਾਂਦੇ ਹਨ, ਪਰੰਤੂ ਅਸੀ "ਵਾਹਿਗੁਰੂ ਜੀ ਕਾ ਖਾਲਸਾ" ਹਾਂ, ਅਰ ਇਸੀ ਕਾਰਣ ਕਰਕੇ ਉਸ ਅਕਾਲਪੁਰਖ

Original with:
Language Department Punjab
Digitized by:
Panjab Digital Library

ਅਰਥੀ ਨਿਰੰਕਾਰ ਦੀ ਰਜ਼ਾ ਤੋਂ ਉਲਟ ਕੁਝ ਭੀ ਨਹੀਂ ਕਰ ਸਕਦੇ, ਮੈਂ ਇਹ ਹੱਛੀ ਤਰਾਂ ਸਮਝਦੀ ਹਾਂ ਕਿ ਹਰੇਕ ਧਰਮ ਦੇ ਮੁਢਲੇ ਅਸੂਲ ਲਗ ਭਗ ਇਕੋ ਜੈਸੇ ਹਨ, ਪਰੰਤੂ ਚੂੰਕਿ ਅਸੀਂ "ਵਾਹਿਗੁਰੂ ਜੀ ਦੇ ਹਾਂ" ਇਸ ਕਾਰਨ ਸਾਡੇ ਸਿਰਾਂ ਤੇ ਕੁਦਰਤਨ ਸਚਾਈ, ਪਵਿੱਤ੍ਰਤਾ, ਅਰ ਉਹ ਆਦਰਸ਼ ਪੂਰਨ ਜ਼ਿੰਦਗੀ (ਚਾਹੇ ਕਿਸੇ ਅਵਸਥਾ ਵਿਖੇ ਅਸੀ ਕਿਉਂ ਨਾ [illegible]ਰ ਰਹੇ ਹੋਈਏ) ਦੇ ਅਨੁਸਾਰੀ ਹੋਕੇ ਚੱਲਣ ਲਈ ਜ਼ਿਆਦਾ ਜਿਮੇਵਾਰੀਆਂ ਹਨ ॥

ਸਾਨੂੰ ਸਾਰੀ ਸ੍ਰਿਸ਼ਟੀ ਮਾਤ੍ਰ ਨਾਲ ਵੈਸਾ ਹੀ ਸਲੂਕ ਕਰਨਾ ਚਾਹੀਦਾ ਹੈ ਜੈਸਾ ਕਿ ਸਾਡੇ ਪਿਤਾ ਵਾਹਿਗੁਰੂ ਜੀ ਬ੍ਰਹਮੰਡ ਨਾਲ ਕਰ ਰਹੇ ਹਨ। ਕੀ ਇਤਨੇ ਬਿਅੰਤ ਪੁਰਸ਼ਾਂ ਵਿਚ ਕੋਈ ਇਹ ਕਹਿ ਸਕਦਾ ਹੈ ਕਿ ਓਹ ਉਸਦਾ ਧਰਮ, ਉਸਦੀ ਕੌਮ, ਉਸਦਾ ਦੇਸ ਅਥਵਾ ਉਸਦਾ ਦੀਪ, ਖੰਡ (ਬ੍ਰੱਰਿਆਜ਼ਮ) ਹੀ ਨਵੇਕਲਾ ਵਾਹਿਗੁਰੂ ਜੀਦੀਆਂ ਬਰ-ਕਤ੍ਰਾਂ ਪ੍ਰਾਪਤ ਕਰਨ ਦਾ ਅਧਿਕਾਰੀ ਹੈ? ਇਸ ਤੋਂ ਇਲਾਵਾ ਕੀ ਕੋਈ ਆਦਮੀ ਇਹ ਦਮ ਮਾਰ ਸਕਦਾ ਹੈ ਕਿ ਪਰਮਾਤਮਾ ਹਿੰਦੂ, ਮੁਸਲਮਾਨ, ਬੋਧੀ, ਈਸਾਈ, ਪਾਰਸੀ ਵਾ ਬਹਾਈ, ਆਰਯਾ ਸਮਾਜੀ ਜਾਂ ਸਨਾਤਨੀ ਹੈ ? ਜੇਕਰ ਨਹੀਂ ਤਾਂ ਫਿਰ ਕਿਉਂ ਸਾਡੇ ਕਈ ਭਰਾ ਇਹ ਪ੍ਰਗਟਕਰਨ ਦੀ ਕੋਸ਼ਸ਼ ਕਰਦੇ ਹਨ, ਕਿ ਅਸੀਂ ਹਿੰਦੂ ਜ ਮੁਸਲਮਾਨ ਹਾਂ ?

ਅਸੀਂ ਚੂੰਕਿ " ਉਸਦੇ ਹਾਂ " ਇਸ ਲਈ ਸਿਵਾਇ ਉਸਦੇ ਹੁਕਮੀ ਬੰਦੇ ਹੋਣ ਦੇ ਕੁਝ ਨਹੀਂ ਹੋ ਸਕਦੇ; ਅਰ

Original with:
Language Department Punjab
Digitized by:
Panjab Digital Library

ਅਸਾਡੇ ਲਈ ਸਭ ਪ੍ਰਾਣੀ ਮਾਤ੍ਰ ਇਕੋ ਹਨ ਅਰ ਸਚ ਪੁਛੋ ਤਾਂ ਅਸੀਂ ਦੁਨੀਆਂ ਦੇ ਸਾਂਝੇ ਅਰ ਸਭ ਨੂੰ ਪਯਾਰ ਕਰਨ ਵਾਲੇ ਬੰਦੇ ਹਾਂ ਅਰ ਜਿਥੋਂ ਤਕ ਸਾਡੀ ਸ਼ਕਤੀ ਸਮਰਥਾ ਹੈ ਅਸੀਂ ਬਿਨਾ ਕਿਸੇ ਜ਼ਾਤ, ਮਹਜ਼ਬ, ਦੇਸ, ਰੰਗ ... ਭਿੰਨ ਭੇਦ ਤੋਂ ਸਭ ਮਨੁਖ ਮਾਤ੍ਰ ਦੀ ਸੇਵਾ ਕਰਨ ਵਾਲੇ ਹਾਂ ॥

ਇਹ ਇਕ ਬੁਨਿਆਦੀ ਅਸੂਲ ਹੈ,ਜੋ ਸਿਖ ਵਿਦਯਾ ਦੇ ਪਵਿਤ੍ਰ ਕਾਰਜ ਵਿਚ ਜੁਟੇ ਸਭ ਸੱਜਣਾਂ ਦੇ ਦਿਲਾਂ ਵਿਚ ਜੜਨਾ ਅਤੀ ਜ਼ਰੂਰੀ ਹੈ । ਸਾਡੇ ਕਾਲਜਾਂ ਅਤੇ ਸਕੂਲਾਂ ਦੀਆਂ ਮੈਨੇਜਿੰਗ ਕਮੇਟੀਆਂ ( ਪ੍ਰਬੰਧਕ ਸਭਾਵਾਂ ) ਸਟਾਫ ( ਅਧਯਾਪਕਾਂ ) ਨੂੰ ਅਤੇ ਸਿਖ ਆਸ਼੍ਰਮਾਂ ਤੇ ਵਿਦਯਕ ਦਰਸਗਾਹਾਂ ਦੇ ਦਰ ਖਟਖਟਾਨ ਵਾਲੇ ਵਿਦਿਆ-ਰਥੀਆਂ ਨੂੰ ਮਾਇਕ ਉੱਨਤੀ ਅਰ ਵਾਧੇ ਲਈ ਸੰਸਾਰਕ ਵਿਦਯਾ ਦਾਨ ਦੇਂਦੇ ਹੋਏ,ਸਾਥੋ ਸਾਥ ਹਰ ਸਮੇਂ ਇਹ ਉੱਚ ਆਦਰਸ਼ ਆਪਣੀਆਂ ਅੱਖਾਂ ਦੇ ਸਾਹਮਣੇ ਰੱਖਣੇ ਚਾਹੀਦੇ ਹਨ ਕਿ ਅਸੀਂ ਬ੍ਰਹਮੰਡ ਭਰ ਦੇ ਸਾਂਝੇ ਹਾਂ ਅਤੇ ਅਸਾਡਾ ਸਿੱਖੀ ਧਰਮ ਇਕ 'ਆਲਮਗੀਰ ਧਰਮ' ਹੈ ॥

੩—ਸਿੱਖ ਦੀ ਜ਼ਿੰਦਗੀ ਸੱਚੀ, ਸੁੱਚੀ ਤੇ ਉੱਚੀ ਹੋਣੀ ਚਾਹੀਦੀ ਹੈ,ਸਾਡੇ ਸਤਿਗੁਰ ਸਦਾ ਸਚਿਆਈ ਦੇ ਸ਼ੁਭ ਗੁਣਾਂ ਦਾ ਵਰਤੋਂ ਵਿਚ ਲਿਆਉਣ ਲਈ ਬੜੀ ਦ੍ਰਿੜ੍ਹਤਾ ਅਰ ਪ੍ਰੌਢਤਾ ਨਾਲ ਉਪਦੇਸ਼ ਕਰਦੇ ਰਹੇ ਹਨ, ਜਿਸਦੀ ਅਣਹੋਂਦ ਨਾਲ ਕਿਸੇ ਪ੍ਰਕਾਰ ਦੀ ਭੀ ਸਚਿਆਰ ਸਦੀਵੀ ਆਤਮਕ ਉੱਨਤੀ ਅਸੰਭਵ ਹੈ ॥

Original with:
Language Department Punjab
Digitized by:
Panjab Digital Library

ਮੈਂ ਇਸ ਸਮੇਂ ਪਵਿਤ੍ਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਨੀ ਵਿਚੋਂ ਬਹੁਤੇ ਦ੍ਰਿਸ਼ਟਾਂਤ ਜਿਨਾਂ ਤੋਂ ਮੈਂ ਜਾਣਦੀ ਹਾਂ ਕਿ ਆਪ ਸਭ ਭਰਾ ਭਲੀ ਪ੍ਰਕਾਰ ਜਾਣੂ ਹੋ ਵਰਨਣ ਨਹੀਂ ਕਰਨਾ ਚਾਹੁੰਦੀ, ਕੇਵਲ ਇਤਨਾ ਕਹਿਣਾ ਕਾਫੀ ਹੋਵੇਗਾ ਕਿ ਸਤਿਗੁਰ ਜੀ ਸਚਿਆਈ ਨੂੰ ਸਭ ਸ਼ੁਭ ਗੁਣਾਂ ਦਾ ਸਿਰਤਾਜ ਗੁਣ ਫਰਮਾਉਂਦੇ ਹਨ ॥ ਜੈਸਾ ਕਿ—

'ਸਚਹੁ ਓਰੈ ਸਭੁ ਕੋ ਊਪਰਿ ਸਚੁ ਆਚਾਰੁ' ॥ (ਸਿਰੀਰਾਗ ਮ: ੧) ਗੁਰਵਾਕ ਹੈ। ਜਦ ਸਾਡੇ ਸਤਿਗੁਰੂ ਹੋਰ ਸਭ ਕੁਝ ਹੇਠਲੇ ਦਰਜੇ ਤੇ ਰੱਖਦੇ ਹੋਏ ਸਚਿਆਈ ਦੇ ਪਵਿਤ੍ਰ ਗੁਣ ਨੂੰ ਸਭ ਤੋਂ ਉੱਚਾ ਧਰਮ ਕਥਨ ਕਰਦੇ ਹਨ, ਤਾਂ ਸਾਨੂੰ ਭੀ ਉਚਿਤ ਹੈ ਕਿ ਅਸੀਂ ਕਿਸੇ ਭੀ ਦਸ਼ਾ ਵਿਚ ਆਪਣੇ ਆਪ ਨਾਲ, ਆਂਢ ਗੁਆਂਢ ਨਾਲ, ਵਾ ਆਪਣੀ ਨਿਆਇਕਾਰੀ ਸਰਕਾਰ ਨਾਲ ਅਸੱਤ ਅਥਵਾ ਝੂਠ ਪ੍ਰਤਪਾਦਕ ਨਾ ਹੋਵੀਏ ॥

੪—ਅਸੀਂ ਆਪਣੇ ਆਪ ਨਾਲ ਓਦੋਂ ਝੂਠੇ ਹੁੰਦੇ ਹਾਂ ਜਦੋਂ ਅਸੀ ਛਿਨ ਭੰਗਰ ਅਰ ਨਾਸਵੰਤ ਨਫਸਾਨੀ ਖੁਸ਼ੀਆਂ ਨੂੰ ਉੱਚਾ ਦਰਜਾ ਦਿੰਦੇ ਹਾਂ ਅਤੇ ਸਚੀ ਉੱਨਤੀ ਅਰ ਸਚੇ ਲਾਭ ਨੂੰ ਓਹਨਾਂ ਤੋਂ ਹੇਠਲੇ ਦਰਜੇ ਤੇ ਅਨਭਵ ਕਰ ਲੈਂਦੇ ਹਾਂ ॥

ਜਦੋਂ ਅਸੀਂ ਮਨ ਬੁਧੀ ਦੀਆਂ ਨਖਿਧ ਇਛਾਵਾਂ ਦੀ ਤ੍ਰਿਪਤੀ ਹਿਤ ਕੁਦਰਤ ਦੇ ਅਸੂਲਾਂ ਦੇ ਭੰਗ ਕਰਨ ਦੀ ਭੀ ਪਰਵਾਹ ਨਹੀਂ ਕਰਦੇ। ਜਦੋਂ ਅਸੀਂ ਇਹ ਕੋਸ਼ਸ਼ ਕਰਦੇ ਕਿ ਜੋਗ ਅਥਵਾ ਅਜੋਗ, ਭਲੇ ਅਥਵਾ ਮੰਦੇ, ਢੰਗ

Original with:
Language Department Punjab
Digitized by:
Panjab Digital Library

ਦੁਆਰੇ ਮਾਇਆ ਦੇ ਇਕਤ੍ਰ ਕਰਨ ਦੀ ਧੁਨਿ ਵਿਚ ਲਗੇ ਰਹੀਏ, ਇਸ ਲਈ ਨਹੀਂ ਕਿ ਓਹ ਮਾਇਆ ਵਾਹਿਗੁਰੂ ਅਤੇ ਵਾਹਿਗੁਰੂ ਦੇ ਬੰਦਿਆਂ ਦੀ ਸੇਵਾ ਲਈ ਖਰਚ ਕਰਨੀ ਹੈ, ਬਲਕਿ ਇਸ ਲਈ ਕਿ ਅਸੀਂ ਸੰਸਾਰ ਵਿਚ ਵੱਡੇ ਮਾਇਆ ਧਾਰੀ ਅਥਵਾ ਐਸ਼ ਅਸ਼ਰਤ (ਮਨ ਭਾਉਂਦੇ ਭੋਗ) ਕਰੀਏ, ਅਰ ਮਾਇਆ ਦੇ ਕੀੜੇ ਬਣੇ ਹੋਏ ਹੀ ਇਸ ਦੁਨੀਆਂ ਤੋਂ ਕੂਚ ਕਰ ਜਾਈਏ ॥

ਅਸੀਂ ਗੁਆਂਢੀਆਂ ਨਾਲ ਅਥਵਾ ਜਿਨ੍ਹਾਂ ਦਾ ਸਾਡੇ ਨਾਲ ਵਾਹ ਪੈਂਦਾ ਹੈ ਓਹਨਾਂ ਨਾਲ ਓਦੋਂ ਝੂਠੇ ਹੋਂਦੇ ਹਾਂ ਜਦੋਂ ਅਸੀਂ ਓਹਨਾਂ ਤੇ ਆਪਣੀ ਵਿਦਕ ਤਰੱਕੀ ਅਥਵਾ ਚਤੁਰ ਬੁਧੀ ਦੁਆਰੇ ਪ੍ਰਪੰਚ ਅਰ ਛਲ ਛਿਦ੍ਰ ਨਾਲ ਓਹਨਾਂ ਤੋਂ ਮਾਇਆ ਖੱਸਣ ਲਈ ਕੋਸ਼ਸ਼ ਕਰਦੇ ਹਾਂ। ਇਹ ਔਗਣ ਕੁਝ ਚਿਰ ਤੋਂ ਸਾਡੇ ਵਿਚ ਇਤਨੇ ਘਰ ਕਰ ਗਏ ਹਨ ਕਿ ਅਸੀ ਪ੍ਰਤੀਤ ਕਰ ਰਹੇ ਹਾਂ ਕਿ ਤੰਦਰੁਸਤੀ ਦੇ ਅਸੂਲਾਂ ਦੀ ਪਰਵਾਹ ਨਾ ਕਰਦੇ ਹੋਏ ਭਾਂਤ ਭਾਂਤ ਅਰ ਤਰਾਂ ਤਰਾਂ ਦੇ ਸੁਆਦੀਕ ਖਾਣਿਆਂ ਨਾਲ ਮੇਹਦੇ ਨਕਾ ਨਕ ਭਰ ਭਰ ਅਰ ਇਸੀ ਪਰਕਾਰ ਹੋਰ ਇੰਦ੍ਰੀਆਂ ਦੀਆਂ ਨਫਸਾਨੀ ਖਾਹਸ਼ਾਂ ਦੀ ਤ੍ਰਿਪਤੀ ਲਈ ਯਤਨ ਕਰਦੇ ਹੋਏ ਲੋਗ ਲਗਾਤਾਰ ਦੁਖਾਂ ਅਰ ਰੋਗਾਂ ਦੇ ਸ਼ਿਕਾਰ ਹੋ ਰਹੇ ਹਨ। ਅਸੀਂ ਆਮ ਤੌਰ ਪਰ ਧਨ ਖਰਚ ਕਰਕੇ ਛੱਤੀ ਪ੍ਰਕਾਰ ਦੇ ਛਕਨ ਦੇ ਪਦਾਰਥ ਖਰੀਦਦੇ ਹੋਏ ਨਾਲ ਹੀ ਬੀਮਾਰੀਆਂ ਨੂੰ ਭੀ ਸਹੇੜ ਲੈਂਦੇ ਹਾਂ ਅਰ ਓਹਨਾਂ ਪਦਾਰਥਾਂ ਨਾਲ ਮੇਹਦੇ ਨਕਾ ਨਕ ਭਰ ਲੈਂਦੇ ਹਾਂ, ਪਰੰਤੂ ਜਦੋਂ ਸਾਡੇ ਇਨ੍ਹਾਂ

Original with:
Language Department Punjab
Digitized by:
Panjab Digital Library

ਕੁਰਤੱਵਾਂ ਦਾ ਕੁਦਰਤੀ ਨਤੀਜਾ ਦੁਖ ਤੇ ਦਰਦ ਪ੍ਰਗਟ ਹੁੰਦੇ ਹਨ ਤਾਂ ਰੋਂਦੇ ਅਰ ਕੁਰਲਾਂਦੇ ਹਾਂ, ਫਿਰ ਡਾਕਟਰਾਂ ਹਕੀਮਾਂ ਅਰ ਵੈਦਾਂ ਅਰ ਕਈ ਵੇਰ ਠੱਗਾਂ ਲੁਟੇਰਿਆਂ ਉੱਤੇ ਦੌਲਤ ਖਰਚ ਕਰਦੇ ਹਾਂ ਤਾਕਿ ਅਸੀਂ ਦੁਖਾਂ ਤੋਂ ਛੁਟਕਾਰਾ ਪਾਈਏ ਅਤੇ ਆਪਣੀ ਅੰਧਾ ਧੁੰਧ ਕਰਨੀ ਅਰ ਕੁਦਰਤ ਦੇ ਨਿਯਮਾਂ ਦੀ ਬੇਪਰਵਾਹੀ ਅਰ ਵਾਹਿਗੁਰੂ ਦੀਆਂ ਬਖਸ਼ੀਆਂ ਸ਼ਕਤੀਆਂ ਦਾ ਗਲਤ ਤਰੀਕੇ ਨਾਲ ਵਰਤਾਰਾ ਕਰਦੇ ਹੋਏ ਥੋਹੜੇ ਅਥਵਾ ਬਹੁਤੇ ਸਮੇਂ ਪਿਛੋਂ ਮੰਜੇ ਦੇ ਸ਼ਿਕਾਰ ਬਣੇ ਹੋਏ ਉਸ ਅਮੋਲਕ ਤੰਦਰੁਸਤੀ ਦੀ ਫਿਰ ਪ੍ਰਾਪਤ ਕਰ ਸਕੀਏ ॥

੫—ਕੀ ਏਹ ਅਚੰਭੇ ਦੀ ਗਲ ਨਹੀਂ ਕਿ ਭਾਰਤ-ਵਰਸ਼ ਜੈਸੀ ਰੂਹਾਨੀ ਧਰਤੀ ਵਿਚ ਇਕ ਇਸ ਕਿਸਮ ਦਾ ਪੜ੍ਹੇ ਲਿਖੇ ਅਰ ਨਵੀਂ ਰੌਸ਼ਨੀ ਦੇ ਸ਼ਿਕਾਰ ਪੁਰਸ਼ਾਂ ਦਾ ਗ੍ਰੋਹ ਪੈਦਾ ਹੋਗਿਆ ਹੈ ਜੋ ਵਾਹਿਗੁਰੂ,ਨਿਰੰਕਾਰ,ਰੂਹ ਅਰ ਧਾਰਮਕ ਗ੍ਰੰਥਾਂ ਅਤੇ ਰੂਹਾਨੀ ਮਨੁਖਾਂ ਵਿਖੇ ਭਰੋਸਾ ਅਰ ਯਕੀਨ ਕਰਨਾ ਫਜ਼ੂਲ ਸਮਝਦਾ ਹੈ ਅਤੇ ਖਿਆਲ ਕਰਦਾ ਹੈ ਕਿ ਅਸੀਂ ਇਸ ਸੰਸਾਰ ਵਿਚ ਤੱਤਾਂ ਦੇ ਅਕਸਮਾਤ ਮੇਲ ਹੋਨ ਦੇ ਕਾਰਨ ਕੇਵਲ ਇਸੇ ਜਿੰਦਗੀ ਦੇ ਥੋਹੜੇ ਜਿਹੇ ਸਮੇਂ ਲਈ ਹੀ ਹਾਂ ਅਰ ਇਹ ਕਿ ਜਦੋਂ ਇਨਾਂ ਤੱਤਾਂ ਦੇ ਸ੍ਰੇ ਸੰਬੰਧ ਦਾ ਵਿਛੋੜਾ ਹੋਗਿਆ ਤਾਂ ਬੱਸ ਸਾਡੀ ਹਸਤੀ ਫਿਰ ਸਦਾ ਲਈ ਨੇਸਤੋ ਨਾਬੂਦ ਹੋ ਜਾਏਗੀ ॥

੬—ਇਸ ਸ਼੍ਰੇਣੀ ਦੇ ਪੁਰਸ਼ ਇਤਨੇ ਲਾਲਚੀ ਅਰ

Original with:
Language Department Punjab
Digitized by:
Panjab Digital Library

ਖੁਦਗਰਜ਼ ਲੋਗ ਹਨ ਕਿ ਹਰ ਕਿਸੇ ਨੂੰ ਪ੍ਰਪੰਚ ਬਾਜ਼ੀ ਨਾਲ ਲੁਟਣਾ ਹੀ ਇਨ੍ਹਾਂ ਲੋਕਾਂ ਨੇ ਆਪਣਾਂ ਮਜ਼ਹਬ ਅਰ ਧਾਰਮਕ ਅਸੂਲ ਸਮਝ ਛਡਿਆ ਹੈ ਅਰ ਹੋਰਨਾ ਨੂੰ ਨੁਕ-ਸਾਨ ਪਹੁੰਚਾਕੇ ਬਹਾਰਾਂ ਕਰ ਰਹੇ ਹਨ, ਅਰ ਆਪਣੇ ਹੋਰ ਅਨਭੋਲ ਅਰ ਸਿਧੇ ਸਾਧੇ ਭਰਾਵਾਂ ਨੂੰ ਵਲ ਛਲ ਨਾਲ ਠਗ ਕੇ ਦਿਲਾਂ ਵਿਚ ਟਹ ਟਹ ਹਸਦੇ ਹਨ। ਇਹ ਸੁਭਾਵ ਨਾਸਤਕਾਂ ਦਾ ਹੋਣਾ ਵਾਜਬੀ ਹੈ, ਕਿਉਂਕਿ ਜਿਸਤਰਾਂ ਉੱਲੂ ਅਰ ਚਮਗਿੱਦੜ ਦੇ ਭਾਣੇ ਸੂਰਜ ਕੋਈ ਵਸਤੂ ਹੈ ਹੀ ਨਹੀਂ, ਤਿਵੇਂ ਇਹ ਲੋਗ ਸਰਬ ਵਿਆਪਕ ਪਰੀ ਪੂਰਨ ਅਕਾਲ ਪੁਰਖ ਦੀ ਹਸਤੀ ਵਲੋਂ ਹੀ ਨਮੁਕਰ ਹਨ, ਫਿਰ ਡਰ ਕੀਹਦਾ? ਜੋ ਮੌਜ ਆਵੇ ਸੋ ਕਰੋ, ਪਰ ਤੁਸੀਂ ਓਹਨਾਂ ਨੂੰ ਕੀ ਆਖੋਗੇ ਜੋ ਨਾਸਤਕਾਂ ਦੇ ਅਸੂਲਾਂ ਦਾ ਉਪਦੇਸ਼ ਕਰਦੇ ਹੋਏ ਭੀ ਆਪਣੇ ਆਪਨੂੰ ਅਜੇ ਤਕ ਸੱਚੇ, ਦਿਆਨਤਦਾਰ, ਅਰ ਦੇਸ਼ ਭਗਤ ਦੇ ਸ਼ਬਦਾਂ ਨਾਲ ਕਹਿਲਾਣ ਦੇ ਹੱਕਦਾਰ ਪ੍ਰਗਟ ਕਰਦੇ ਹਨ। ਇਹ ਝੂਠਾ ਦਾਵਾ ਬਿਨਾ ਕਹੇ ਹੀ ਫਜ਼ੂਲ, ਨਿਕੰਮਾ ਅਰ ਭੱਦਾ ਜ਼ਾਹਰ ਹੋਰਿਹਾ ਹੈ॥

ਭਲਾ ਜੀ! ਨਾਸਤਕਾਂ ਨੂੰ ਕੀਹਦਾ ਖੌਫ ਹੈ ਜੋ ਸ੍ਰੇਸ਼ਟ ਆਚਰਣ ਰੱਖਣ। ਉੱਤਰ ਦਿਓਗੇ ਕਿ ਪਬਲਕ ਬੁਰਾ ਨਾ ਕਹੇ, ਇਸ ਲਈ ਸਿਧੇ ਰਹਿਣਗੇ, ਪਰ ਪਬਲਕ ਪਾਸੋਂ ਬਚਣ ਦੀ ਤਰਕੀਬ ਓਹ ਕਰ ਲੈਂਦੇ ਹਨ, ੧੦ ਹੁਕਮਾਂ ਦੀ ਤਾਮੀਲ ਤਾਂ ਨਹੀਂ ਕਰਦੇ, ਜਿਨ੍ਹਾਂ ਵਿਚ ਪਾਪ ਕਰਨ ਦੀ ਮਨਾਹੀ ਹੈ, ਪਰ ਗਿਆਰਵੇਂ ਹੁਕਮ ਦੀ ਪੂਰੀ ਤਾਮੀਲ ਕਰਦੇ ਹਨ। ਓਹ ਬਨਾਵਟੀ ਹੁਕਮ ਇਨ੍ਹਾਂ ਲੋਕਾਂ ਨੇ ਇਹ

Original with:
Language Department Punjab
Digitized by:
Panjab Digital Library

ਬਨਾਇਆ ਹੋਇਆ ਹੈ ਕਿ ਕਰੀ ਜਾਓ ਸਭ ਪਾਪ ਕਰਮ, ਪਰ ਪਤਾ ਨਾ ਲਗਣ ਦਿਓ, ਅਰ ਮੈਂ ਜਾਣਦੀ ਹਾਂ ਕਿ ਏਹੀ ਪੱਕੇ ਨਾਸਤਕਾਂ ਅਰ ਮਾਇਆਵਾਦੀਆਂ ਦਾ ਮਜ਼ਹਬ ਹੈ ॥

੭—ਇਥੋਂ ਤਕ ਸੱਚੀ ਜ਼ਿੰਦਗੀਸੰਬੰਧੀ ਕੁਝ ਵਰਨਨ ਕਰਕੇ ਹੁਣ ਮੈਂ ਸ੍ਵੱਛ ਅਰ ਪਵਿਤ੍ਰ ਜ਼ਿੰਦਗੀ ਦੇ ਵਿਸ਼ੇ ਤੇ ਕੁਝ ਕਹਿਣਾ ਚਾਹੁੰਦੀ ਹਾਂ । ਗੁਰ ਨਾਨਕ ਦੇਵ ਜੀ ਮਹਾਰਾਜ ਕਥਨ ਕਰਦੇ ਹਨ :—

"ਸੁਚਿ ਹੋਵੈ ਤਾ ਸਚੁ ਪਾਈਐ" (ਵਾਰ ਆਸਾ ਮਃ ੧)

ਜਿਸਦਾ ਭਾਵ ਇਹ ਹੈ ਕਿ ਸੱਚ ਦੀ ਪ੍ਰਾਪਤੀ, ਸ੍ਵੱਛਤਾ ਅਰ ਪਵਿਤ੍ਰਤਾ ਹੋਣ ਨਾਲ ਹੀ ਹੋ ਸਕਦੀ ਹੈ ॥

ਸਾਨੂੰ ਨਿਰਾ ਆਪਣੇ ਸਰੀਰ ਬਸਤਰ ਅਤੇ ਆਸ ਪਾਸ ਨੂੰ ਹੀ ਸਾਫ ਸੁਥਰਾ ਸ੍ਵੱਛ ਰੱਖਣਾ ਨਹੀਂ ਲੋੜੀਏ, ਕਿੰਤੂ ਕਿਸੇ ਪ੍ਰਕਾਰ ਦੇ ਮੰਦੇ ਅਰ ਅਨੁਚਿਤ ਸੰਕਲਪ ਨੂੰ ਭੀ ਆਪਣੇ ਚਿਤ ਵਿਚ ਠਾਹਰ ਨਹੀਂ ਦੇਣੀ ਚਾਹੀਦੀ, ਕਿਉਂਕਿ ਸਾਰੇ ਕਰਮ ਸੰਕਲਪਾਂ ਵਿਕਲਪਾਂ ਦਾ ਹੀ ਨਤੀਜਾ ਹੋਂਦੇ ਹਨ ਅਰ ਜਦ ਖਿਆਲ ਸਾਡੇ ਵੱਸ ਵਿਚ ਅਰ ਸੁਧ ਹੋਣਗੇ ਤਾਂ ਸਾਡੇ ਕਰਮ ਸੁਭਾਵਕ ਹੀ ਪਵਿਤ੍ਰ ਅਤੇ ਸ੍ਵਾਧੀਨ ਆਪਣੇ ਵੱਸ ਵਿਚ ਹੋ ਜਾਣਗੇ । ਇਹ ਉੱਤਮ ਅਸੂਲ ਸਭ ਸਿਖ ਦਰਸਗਾਹਾਂ ਵਿਚ ਖਾਸ ਤੌਰ ਪਰ ਪ੍ਰਵਿਰਤ ਹੋਣਦੇ ਯੋਗ ਹੈ।

ਸਾਡੇ ਆਸ਼੍ਰਮਾਂ ਦੇ ਅਧ੍ਯਾਪਕਾਂ ਅਰ ਵਿਦਿਆਰਥੀਆਂ ਨੂੰ ਓੱਨਾ ਚਿਰ ਬੱਸ ਨਹੀਂ ਕਰਨੀ ਚਾਹੀਦੀ ਜਦ ਤਕ ਕਿ ਓਹਨਾਂ ਦੇ ਦਿਲਾਂ ਵਿਚ ਇਹ ਵਿਸਵਾਸ ਨਿਹਾਇਤ ਦ੍ਰਿੜ੍ਹ ਨਾ ਹੋ ਜਾਵੇ ਕਿ ਭੈੜੇ, ਗੰਦੇ ਅਰ ਸੁਆਰਥੀ

Original with:
Language Department Punjab
Digitized by:
Panjab Digital Library

ਖਿਆਲਾਂ ਨੂੰ ਚਿੱਤ ਵਿਚੋਂ ਕਢ ਕੇ ਅਰ ਓਹਨਾਂ ਦੀ ਥਾਵੇਂ ਸ਼ੁਧ ਅਰ ਉੱਤਮ ਭਾਵ ਜਨਕ ਖਿਆਲਾਂ ਦਾ ਆਤਮਾ ਵਿਖੇ ਵਾਸ ਕਰਾਨਾ ਨਿਹਾਇਤ ਜ਼ਰੂਰੀ ਹੈ। ਇਸ ਤਰਾਂ ਮਨ ਅਤੇ ਖਿਆਲ ਸ਼ੁਧ ਹੋਸਕਦੇ ਹਨ ਅਤੇ ਇਹ ਕੋਈ ਬਹੁਤ ਕਠਨ ਬਾਤ ਨਹੀਂ ਹੈ ॥

੭—ਸੱਚੀ ਤੇ ਸੁਚੀ ਜ਼ਿੰਦਗੀ ਸੰਬੰਧੀ ਕਥਨ ਕਰਕੇ ਹੁਣ ਮੈਂ ਕੁਝ ਉੱਚੀ ਜ਼ਿੰਦਗੀ ਦੇ ਪਰਥਾਇ ਕਹਿਣਾ ਚਾਹੁੰਦੀ ਹਾਂ। ਮੈਂ ਇਹ ਬੜੀ ਹੀ ਨਿਮ੍ਰਤਾ ਸਹਿਤ ਪ੍ਰਗਟ ਕਰਨਾ ਚਾਹੁੰਦੀ ਹਾਂ ਕਿ ਸਤਿਗੁਰਾਂ ਦੇ ਉਪਦੇਸ਼ ਕੀਤੇ ਅਰ ਵਰਤੋਂ ਵਿਚ ਲਿਆਕੇ ਦਸੇ ਆਦਰਸ਼ਾਂ ਨਾਲੋਂ ਹੋਰ ਉੱਚੇ ਆਦਰਸ਼ ਲੱਭਨੇ ਬੜੇ ਹੀ ਕਠਨ ਹਨ। ਜਿਥੇ ਹੋਰ ਦੁਨੀਆਂ ਦਾ ਇਕ ਬੜਾ ਹਿੱਸਾ ਮਾਇਕ ਤਰੱਕੀ ਦੀ ਧੁਨਿ ਅਤੇ ਸ੍ਵਰਗ ਯਾ ਬਹਿਸ਼ਤ ਦੇ ਅਨੰਦ ਦੀ ਪ੍ਰਾਪਤੀ ਵਿਚ ਦਿਨ ਰਾਤ ਇਕ ਕਰਰਿਹਾ ਹੈ ਅਥਵਾ ਓਹਨਾਂ ਤੋਂ ਉੱਚ ਖਿਆਲਾਂ ਦੇ ਆਦਮੀ ਮੁਕਤੀ ਜਾਂ ਨਜਾਤ ਦੀ ਪ੍ਰਾਪਤੀ ਦੀ ਦਿਲੀ ਇੱਛਾ ਕਰ ਰਹੇ ਹਨ ਓਥੇ ਸਤਿਗੁਰੂ ਅਰ ਸਤਿਗੁਰ ਦੇ ਸਿੱਖਾਂ ਦੀਆਂ ਖਾਹਸ਼ਾਂ ਦਾ ਸਾਰ ਅੰਸ ਇਹ ਹੈ ਕਿ ਅਸੀਂ ਵਾਹਿਗੁਰੂ ਜੀ ਨਾਲ ਅਟੁਟ ਪ੍ਰੇਮ ਅਰ ਇਕ ਮਿਕ ਹੋਕੇ ਅਭੇਦ ਰੂਪ ਹੋ ਜਾਣਾ ਹੈ। ਯਥਾ ਗੁਰੂ ਵਾਕ :—

"ਰਾਜ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਣ ਕਮਲਾ ਰੇ" (ਦੇਵਗੰਧਾਰੀ ਮ: ੫)

"ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ" (ਆਸਾ ਮ: ੧)

Original with:
Language Department Punjab
Digitized by:
Panjab Digital Library

੯—ਕੀ ਕੋਈ ਸਿੱਖਾਂ ਨਾਲੋਂ ਵਧਕੇ ਉੱਚ ਆਦਰਸ਼ ਅਨਭਵ ਕਰ ਸਕਦਾ ਹੈ ਅਤੇ ਇਨ੍ਹਾਂ ਦ੍ਰਿੜ੍ਹ ਅਰ ਪੱਕੇ ਪ੍ਰਮਾਣਾਂ ਦੇ ਹੁੰਦਿਆਂ ਭੀ ਸਾਨੂੰ ਬਾਜ਼ੇ ਬੰਗਾਲੀ ਅਰ ਖਾਹ ਮਖਾਹ ਦੇ ਨੁਕਤਾ ਚੀਨ ਭਰਾਵਾਂ ਵਲੋਂ ਇਹ ਸਰੋਤਾਂ ਸੁਣਾਈ ਦੇਂਦੀਆਂ ਹਨ ਕਿ ਗੁਰੂ ਨਾਨਕ ਦੇਵ ਜੀ ਤੋਂ ਉਪਰੰਤ ਬਾਕੀ ਗੁਰੂ ਸਾਹਿਬ ਖਾਲਸ ਰੂਹਾਨੀਅਤ ਦਾ ਚਸ਼ਮਾ ਨਹੀਂ ਰਹੇ, ਕਿੰਤੂ ਓਹਨਾਂ ਵਿਚ ਸੰਸਾਰਕ ਸ਼ਾਨਬਾਨ ਅਰ ਮਾਇਕ ਪ੍ਰਾਪਤੀ ਦੀ ਤੀਬਰ ਇੱਛਾ ਪਾਈ ਜਾਂਦੀ ਰਹੀ ਹੈ। ਬਾਜ਼ੇ ਅਗਿਆਨ ਵਸ ਇਥੋਂ ਤਕ ਕਹਿਣੋਂ ਨਹੀਂ ਝਿਜਕਦੇ ਕਿ ਨਿਰੰਕਾਰ ਦੇ ਸਚੇ ਗਿਆਨ ਦਾ ਉਪਦੇਸ਼ ਕਰਨ ਹਿਤ ਅਰ ਦੇਸ਼ ਕਾਲ ਦੇ ਭੇਦ ਅਨੁਸਾਰ ਆਸੁਰੀ ਸੰਪਤੀ ਨੂੰ ਕੁਚਲਨ ਹਿਤ ਜੋ ਸਤਿਗੁਰਾਂ ਨੇ ਤਰੀਕੇ ਅਖ-ਤਿਆਰ ਕੀਤੇ ਓਹ ਨੀਵੀਂ ਗਰਜ਼ਾਂ ਤੋਂ ਖਾਲੀ ਨਹੀਂ ਸਨ ਅਰਥਾਤ ਓਹਨਾਂ ਦੀ ਨੀਯਤ ਭੀ ਐਸੀ ਵੈਸੀ ਹੇਸੀ॥

ਓਹ ਇਹ ਖਿਆਲ ਕਰਦੇ ਹਨ ਕਿ ਵਾਹਿਗੁਰੂ ਦੇ ਪਿਆਰਿਆਂ ਨੂੰ ਬਦੀ ਦੇ ਸੰਘਾਰ ਹਿਤ ਭੀ ਤਲਵਾਰ ਨਹੀਂ ਉਠਾਨੀ ਚਾਹੀਦੀ। ਐਸਾ ਕਹਿਣ ਵੇਲੇ ਓਹ ਸ੍ਰੀ ਕ੍ਰਿਸ਼ਨ ਭਗਵਾਨ ਜੀਦੀ ਆਗਜਾ ਭੀ ਉੱਕੀ ਭੁਲਜਾਂਦੇ ਹਨ "ਪਰੀਤ੍ਰਾਣਾਯ ਸਾਧੂਨਾਂਮ ਵਿਨਾਸ਼ਾਯਚ ਦੁਸ਼ਕ੍ਰਿਤਾਮ। ਧਰਮ ਸੰਸਥਾਪਨਾਰਥਾਯ ਸੰਭਵਾਮੀ ਯੁਗੇ ਯੁਗੇ॥"

[ਗੀਤਾ ਅਧਯਾਇ ੪ ਸਲੋਕ ੮]

ਇਸਦੇ ਨਾਲ ਕੇਹੇ ਸੋਹਣੇ ਦਸਮ ਸਤਿਗੁਰੂ ਜੀ ਦੇ ਵਾਕ ਮਿਲਦੇ ਹਨ-

Original with:
Language Department Punjab
Digitized by:
Panjab Digital Library

"ਧਰਮ ਚਲਾਵਨ ਸੰਤ ਉਬਾਰਨ। ਦੁਸ਼ਟ ਸਭਨ ਕੋ ਮੂਲ ਉਪਾਰਨ ॥ ਇਹੈ ਕਾਜ ਧਰਾ ਹਮ ਜਨਮੰ । ਸਮਝ ਲੇਹੁ ਸਾਧੂ ਸਭ ਮਨਮੰ॥ [ਬਚਿਤ੍ਰ ਨਾਟਕ ਅਧ੍ਯਾਇ ੬

ਕੀ ਨੁਕਤਾ ਚੀਨ ਆਪਣੇ ਆਪ ਵਿਚ ਦੈਵੀ ਗੁਣਾਂ ਅਰ ਆਤਮ ਗਿਆਨ ਦਾ ਕ੍ਰਿਸ਼ਨ ਭਗਵਾਨ ਜੀ ਨਾਲੋਂ ਵੀ ਵਧ ਹੋਣ ਦਾ ਗੁਮਾਨ ਭੀ ਨਹੀਂ ਕਰਰਹੇ,ਜਿਨਾਂਤੋਂ ਜ਼ਿਆਦਾ ਹਿੰਦੂ ਕੌਮਾਂ ਦੇ ਦਿਲਾਂ ਉੱਤੇ ਕਿਸੇ ਦਾ ਵੀ ਅਸਰ ਨਹੀਂ, ਜੇਕਰ ਨਹੀਂ ਤਾਂ ਫਿਰ ਓਹ ਕਿਉਂ ਹਜ਼ਾਰਾਂ ਸਾਲ ਪਿਛੋਂ ਸਾਡੇ ਸਤਿਗੁਰੂ ਜੀ ਦੇ ਓਹਨਾਂ ਹੀ ਅਸੂਲਾਂ ਦਾ ਪ੍ਰਚਾਰ ਅਰ ਵਰਤਣ ਕਰਨ ਨੂੰ ਦੂਸਰੀ ਨਿਗਾਹ ਨਾਲ ਵੇਖਦੇ ਹਨ ?

੧੦—ਚੂੰਕਿ ਮੇਰੇ ਹਿਸੇ ਆਇਆ ਸਮਾਂ ਅਤੀ ਥੋਹੜਾ ਹੈ, ਇਸ ਕਾਰਨ ਮੈਂ ਸਿਖਾਂ ਦੇ ਵਿਦਜਕ ਆਦਰਸ਼ਾਂ ਦੀ ਵਿਸ਼ੇਸ਼ਤਾ ਅਰ ਉੱਤਮਤਾ ਉੱਤੇ ਜ਼ਿਆਦਾ ਕਥਨ ਨਹੀਂ ਕਰ ਸਕਦੀ, ਇਤਨਾ ਕਹਿਨਾ ਹੀ ਕਾਫੀ ਹੋਵੇਗਾ ਕਿ ਜੇਕਰ ਏਹ ਮੇਰੀ ਦਰਖਾਸਤ ਇਸ ਭਾਰੀ ਕਾਨਫ੍ਰੰਸ ਦੇ ਸਿਖਾਂ ਪਜਾਰਿਆਂ ਵਲੋਂ ਪ੍ਰਵਾਨ ਕੀਤੀਗਈ ਅਰ ਸਚੀ ਸੁਚੀ ਤੇ ਉੱਚੀ ਜ਼ਿੰਦਗੀ ਦੀ ਰਹਿਣੀ ਅਰ ਕਰਨੀ ਤੇ ਅਮਲ ਕੀਤਾ ਗਿਆ ਅਤੇ ਸਿਖ ਦਰਸਗਾਹਾਂ, ਧਾਰਮਕ ਜੱਥਿਆਂ, ਸਭਾਵਾਂ ਅਤੇ ਦੀਵਾਨਾਂ ਵਿਚ ਇਸਦਾ ਪ੍ਰਚਾਰ ਕੀਤਾਗਿਆ ਤਾਂ ਸਿਖਵਿਦਜਾ ਅਰ ਧਰਮ ਦੀ ਸੁੰਦਰਤਾ ਨੂੰ ਦੇਖ ਦੇਖ ਕਰ ਸਾਰੀ ਵਿਦਵਾਨ ਦੁਨੀਆਂ ਚਕਿਤ, ਹੈਰਾਨ, ਰਹਿ ਜਾਵੇਗੀ ।

ਕੋਈ ਸਮਾਂ ਸੀ ਕਿ ਸਿੱਖ ਇਨ੍ਹਾਂ ਉੱਚ ਅਸੂਲਾਂ ਦੀ ਜ਼ਿੰਦਗੀ ਬਸਰ ਕਰਿਆ ਕਰਦੇ ਸਨ ਅਰ ਓਹਨਾਂ ਦੇ ਜਾਨੂੰ

Original with:
Language Department Punjab
Digitized by:
Panjab Digital Library

ਲੋਗ ਤਕ ੨ ਸਲਾਹੁੰਦੇ ੨ ਰਜਦੇ ਨਹੀਂ ਸਨ ॥

ਹਾਂ ਜੀ, ਅਜ ਕੱਲ ਦੇ ਗਿਰਾਵਟ ਅਰ ਅਧੋਗਤੀ ਦੇ ਸਮੇਂ ਵਿਚ ਭੀ ਕੁਰਬਾਨੀ, ਸੇਵਾ ਅਰ ਧਰਮ ਸ਼ੀਲ ਵਫਾ-ਦਾਰ ਅਤੇ ਬਹਾਦਰ ਜ਼ਿੰਦਗੀਆਂ ਦਾ ਸਿੱਖ ਕੌਮ ਵਿਚ ਘਾਟਾ ਨਹੀਂ ॥

ਮੇਰੀ ਪ੍ਰਾਰਥਨਾ ਇਹ ਹੈ ਕਿ ਸਾਡੇ ਸਾਰੇ ਹੀ ਭਰਾ ਇਸ ਉੱਚ ਆਦਰਸ਼ ਭਰੀ ਜ਼ਿੰਦਗੀ ਨੂੰ ਹੱਲਾ ਮਾਰਕੇ ਪਹੁੰਚਣ ਅਤੇ ਅਸਾਡੀ ਵੱਡੀ ਨਿਆਂਇ ਪ੍ਰਿਯ ਮਹਾ ਬਲ-ਵਾਨ ਬ੍ਰਿਟਿਸ਼ ਸਰਕਾਰ ਨਾਲ ਮਿਲਕੇ (ਜਿਸਦੇ ਲਖਸ਼ ਅਸਾਡੇ ਲਖਸ਼ਾਂ ਨਾਲ ਆਮ ਤੌਰ ਪਰ ਮਿਲਦੇ ਹਨ) ਮਨੁਖ ਮਾਤ੍ਰ ਦੇ ਉਧਾਰ ਦਾ ਕਾਰਨ ਹੋਣ ॥

ਮੈਂ ਆਪਦੇ ਸਾਹਮਣੇ ਸਿਖ ਗਿਆਨ ਅਰ ਸਿਖ ਵਿਦਯਾ ਦੇ ਸਮੁੰਦਰ ਵਿਚੋਂ ਥੋੜੇ ਜਿਹੇ ਜਵਾਹਰ, ਹੀਰੇ ਅਰ ਲਾਲ ਢੋਲਕੇ ਰਖੇ ਹਨ ਜੋ ਕਿ ਠੀਕ "ਅਮੁਲੀਕ ਲਾਲ ਏਹੁ ਰਤਨ" ਹਨ ॥

ਮੇਰੇ ਭਰਾਵੋ! ਜੇ ਕਦੀ ਤੁਸੀਂ ਓਹਨਾਂ ਅਮੋਲਕ ਹੀਰਿਆਂ ਦੀ ਪੂਰੀ ਕਦਰ ਅਰ ਕੀਮਤ ਪਾਓਗੇ ਤਾਂ ਤੁਸੀਂ ਯਕੀਨਨ ਸਾਰੇ ਬ੍ਰਹਮੰਡ ਭਰ ਦੀ ਦੌਲਤ ਮਾਇਆ ਹਕੂਮਤ ਅਤੇ ਐਸ਼ਾਂ ਖੁਸ਼ੀਆਂ ਨਾਲੋਂ ਵਧਕੇ ਲਾਭ ਪ੍ਰਾਪਤ ਕਰ ਸਕੋਗੇ ॥

ਜੇ ਕਦੇ ਤੁਸੀਂ ਇਨ੍ਹਾਂ ਨੂੰ ਮਮੂਲੀ ਬਾਤਾਂ ਦੀ ਗਿਣ[illegible] ਵਿਚ ਹੀ ਸਮਝ ਛਡੋਗੇ ਤਾਂ ਅਚਰਜ ਨਹੀਂ ਕਿ ਆ[illegible] ਦੁਆਲੇ ਬੇਅੰਤ ਹੀ ਦੌਲਤ ਦੇ ਹੁੰਦਿਆਂ ਸੁੰਦਿਆਂ ਭੀ ਤੁਸ[illegible]

Original with:
Language Department Punjab
Digitized by:
Panjab Digital Library

ਭੁਖੇ ਦੇ ਭੁਖੇ ਅਰ ਕੰਗਾਲ ਹੀ ਰਹੋਗੇ ਅਰ, ਇਸ ਭੈੜੇ ਨਤੀਜੇ ਲਈ ਤੁਹਾਨੂੰ ਆਪਣਾ ਹੀ ਧੰਨਵਾਦ ਕਰਨਾ ਪਵੇਗਾ। ਮੈਂ ਸ਼ੋਕ ਨਾਲ ਕਹਿੰਦੀ ਹਾਂ ਕਿ ਇਹ ਕਦਰ ਮੰਦੀ ਦੀ ਬੁਰੀ ਵਾ ਜਵਾਹਰਾਤ ਨੂੰ ਨਾ ਪਰਖ ਸੱਕਨ ਦੀ ਅਵਿਦਯਾ ਸਾਡੇ ਵਿਚ ਆਮ ਵੇਖੀ ਜਾਂਦੀ ਹੈ॥

ਮੈਂ ਪ੍ਰਾਰਥਨਾ ਕਰਦੀ ਹਾਂ ਕਿ ਅਕਾਲ ਪੁਰਖ ਜੀ ਸਾਨੂੰ ਐਸੀ ਵਿਵੇਕ ਬੁਧ ਬਖਸ਼ਨ ਕਿ ਅਸੀਂ ਸਚਿਆਈ ਅਰ ਖੁਟਿਆਈ, ਮੂੜ੍ਹ ਅਰ ਮਲੀਨ, ਸਦੈਵੀ ਅਰ ਨਾਸਵੰਤ, ਦੁਖਦਾਈ ਅਰ ਸੁਖਦਾਈ, ਆਤਮਾ ਤੇ ਮਾਇਆ, ਸਚ ਅਰ ਝੂਠ, ਰੋਸ਼ਨੀ ਅਤੇ ਹਨੇਰਾ, ਜ਼ਿੰਦਗੀ ਅਰ ਮੌਤ, ਆਦ ਦਾ ਅੰਤਰਾ ਅਥਵਾ ਭੇਦ ਚੰਗੀ ਤਰਾਂ ਜਾਣ ਸਕੀਏ। ਯਥਾ ਗੁਰ ਵਾਕ:—

"ਹਾਰ ਪਰਿਓ ਸੁਆਮੀ ਕੈ ਦੁਆਰੇ
ਦੀਜੈ ਬੁਧਿ ਬਿਬੇਕਾ॥" [ਸੋਰਠਿ ਮ: ੫

੧੧—ਬੜਾ ਧਨ ਪਾਤ੍ਰ ਅਰ ਦੌਲਤ ਮੰਦ ਹੋਣਾ ਹਰ ਮਨੁਖ ਦੇ ਹਿਸੇ ਨਹੀਂ ਹੈ, ਅਰ ਨਾ ਹੀ ਹਰ ਇਕ ਵਾਸਤੇ ਇਹ ਕੋਈ ਸੌਖੀ ਗਲ ਹੈ, ਭਾਵੇਂ ਓਹ ਕਿੰਨਾ ਹੀ ਆਪਣੀ ਸੰਸਾਰਕ ਦਸ਼ਾ ਅਰ ਬਿਵਸਥਾ ਦੇ ਸੁਧਾਰ ਅਰ ਵਾਧੇ ਦੀ ਦਿਲੀ ਆਰਜ਼ੂ (ਜੋ ਕਿ ਇਕ ਜਾਇਜ਼ ਇਛਾ ਹੈ) ਰਖਦਾ ਹੋਵੇ, ਕਿਉਂਕਿ ਠੀਕ ਰੁਤ ਸਮੇਂ ਜਿਤਨਾ ਕਿਸੇ ਬੀਜਿਆ ਹੋਂਦਾ ਹੈ ਉਤਨਾ ਹੀ ਓਹ ਵੱਢਦਾ ਹੈ—

"ਜੇਹਾ ਬੀਜੈ ਸੋ ਲੁਣੇ ਕਰਮਾ ਸੰਦੜਾ ਖੇਤੁ।"
[ਬਾਰਹਮਾਹ ਮਾਂਝ ਮ: ੫]

*Original with:*
Language Department Punjab
*Digitized by:*
Panjab Digital Library

ਅਥਾ ਗੁਰਵਾਕ :--

ਘਾਲ ਖਾਇ ਕਿਛੁ ਹਥਹੁ ਦੇਇ ॥ ਨਾਨਕ
ਰਾਹੁ ਪਛਾਣਹਿ ਸੇਇ ॥ [ਵਾਰ ਸਾਃ ਸਲੋਕ ਮਃ ੫

ਕਰ ਮਨ ਮੇਰੇ ਸਤਿ ਬਿਉਹਾਰ ॥
[ਗਉੜੀ ਸੁਖਮਨੀ ਮਃ ੫

ਜਿਸ ਹਾਲਤ ਵਿਚ ਹੋਵੇ ਓਹ ਉਸ ਹਾਲਤ ਵਿਚ ਸਿੱਖੀ ਦੇ ਅਤ ਉੱਚੇ ਆਦਰਸ਼ਾਂ ਦੇ ਅਨਕੂਲ ਜੀਵਨ ਬਿਤੀਤ ਕਰ ਸਕਦਾ ਹੈ, ਐਸੀ ਜ਼ਿੰਦਗੀ ਵਾਲਾ ਮਨੁਖ (ਭਾਵੇਂ ਪੁਰਸ਼ ਹੋਵੇ ਭਾਵੇਂ ਇਸਤ੍ਰੀ ਹੋਵੇ) ਸੱਚੀ ਖੁਸ਼ੀ, ਸੱਚਾ ਅਨੰਦ ਅਤੇ ਸੱਚੀ ਤੇ ਉੱਚੀ ਪਦਵੀ ਪ੍ਰਾਪਤ ਕਰ ਲੈਂਦਾ ਹੈ, ਅਤੇ ਮਾਇਆ ਦੇ ਬਹੁਤੇ ਚਮਤਕਾਰਿਆਂ ਨੂੰ ਜੋ ਪਾਪਾਂ ਬਾਝੋਂ ਪ੍ਰਾਪਤ ਨਹੀਂ ਹੋ ਸਕਦੇ, ਘ੍ਰਿਣਾ ਦੀ ਨਜ਼ਰ ਨਾਲ ਦੇਖਦਾ ਹੋਇਆ ਅਨੰਦ ਪੂਰਬਕ ਮਹਾਰਾਜ ਜੀ ਦੇ ਵਾਕ ਨੂੰ ਪੜ੍ਹਦਾ ਹੈ :—

"ਜਿਥੈ ਰਖਹਿ ਬੈਕੁੰਠ ਤਿਥਾਈ ਤੂੰ ਸਭਨਾ ਕੇ
ਪ੍ਰਤਿਪਾਲਾ ਜੀਉ ॥ [ਮਾਝ ਮਃ ੫

੧੨—ਅੰਤ ਵਿਚ ਮੈਂ ਆਪਣੀ ਸੇਵਾ ਵਿਚ ਬਿਨਯ ਕਰਦੀ ਹਾਂ ਕਿ ਖਿਆਲਾਤ ਯਾ ਤਾਂ ਕੁਦਰਤ ਵਲੋਂ ਯਾ ਹਿਰਦੇ ਦੀ ਸੁਧੀ ਦੁਆਰਾ ਯਾ ਸਿਖਿਆ ਦੁਆਰਾ ਪ੍ਰਾਪਤ ਹੋਂਦੇ ਹਨ। ਮੇਰਾ ਇਹ ਦਾਵਾ ਨਹੀਂ ਹੈ ਕਿ ਮੇਰੇ ਖਿਆਲਾਤ ਅਕਾਲ ਪੁਰਖ ਜੀ ਵਲੋਂ ਯਾ ਸ਼ੁਧ ਆਤਮਾ ਵਲੋਂ ਬਖਸ਼ੇ ਗਏ ਹਨ, ਇਨ੍ਹਾਂ ਉੱਚੀਆਂ ਅਵਸਥਾਂ ਨੂੰ ਮੈਂ ਹਾਲਾਂ ਤਕ ਪਹੁੰਚਣ ਦਾ ਦਾਵਾ ਨਹੀਂ ਕਰ ਸਕਦੀ, ਮੇਰੇ ਖਿਆਲਾਤ

Original with
Language Department Punjab
Digitized by
Panjab Digital Library

ਅਰ ਓਹ ਕੁਦਰਤੀ ਹੁਕਮ ਤੋਂ ਅਗੇ ਨਹੀਂ ਵਧ ਸਕਦਾ, ਨਾਂ ਹੀ ਕੁਦਰਤੀ ਕਮੀਆਂ ਪੂਰੀਆਂ ਕਰ ਸਕਦਾ ਹੈ ॥

"ਦਦੈ ਦੋਸ ਨਾ ਦੇਊ ਕਿਸੈ ਦੋਸ ਕਰੰਮਾ ਆਪਣਿਆ ।
ਜੋ ਮੈ ਕੀਆ ਸੋ ਮੈ ਪਾਇਆ ਦੋਸ ਨ ਦੀਜੈ ਅਵਰ ਜਨਾ ॥"
[ਪਟੀ ਆਸਾ ਮ: ੧]

ਪਰੰਤੂ ਦੈਵੀ ਗੁਣਾਂ ਅਰ ਅਕਾਲ ਪੁਰਖ ਦੇ ਬਖਸ਼ੇ ਸ਼ੁਭ ਗੁਣਾਂ ਦਾ ਭੰਡਾਰਾ ਸਭ ਲਈ ਇਕੋ ਜੇਹਾ ਖੁਲ੍ਹਾ ਪਿਆ ਹੈ ॥

ਇਸ ਹਾਲਤ ਵਿਚ ਅਗਰ ਕੋਈ ਹੱਦ ਬੰਦੀ ਹੈ ਤਾਂ ਓਹ ਕੇਵਲ ਹਰ ਇਕ ਮਨੁਸ਼ ਦੀ ਭਿੰਨ ਭਿੰਨ ਸਮਰਥਾ ਅਰ ਸ਼ਕਤੀ ਅਰ ਇਨ੍ਹਾਂ ਖਜ਼ਾਨਿਆਂ ਦੀ ਪ੍ਰਾਪਤੀ ਅਰ ਦੈਵੀ ਉਪਦੇਸ਼ਾਂ ਉਤੇ ਅਮਲ ਕਰਨੇ ਅਰ ਆਪਣੇ ਅੰਦਰ ਜਜ਼ਬ ਕਰਨ ਦੀ ਹੈ ॥

ਹਰਿ ਭਗਤਿ ਖਜਾਨਾ ਬਖਸਿਆ ਗੁਰ ਨਾਨਕ
ਕੀਆ ਪਸਾਉ ਜੀਉ॥ ਮੈ ਬਹੁੜਿ ਨ ਤ੍ਰਿਸਨਾ
ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ ॥
[ਸੂਹੀ ਮ: ੫

ਇਹ ਹਰਇਕ ਮਨੁਸ਼ ਮਾਤ੍ਰ (ਮਾਈ ਭਾਈ) ਦੀ ਪਹੁੰਚਦੀ ਗਲ ਹੈ ਕਿ ਓਹ ਸਚਿਆਰੀ, ਦਿਆਨਤ ਦਾਰ, ਅਰ ਪਵਿਤ੍ਰ ਆਤਮਾ ਹੋਵੇ, ਓਹ ਦਸਾਂ ਨਹੁਆਂ ਦੀ ਕਮਾਈ ਕਰਕੇ ਧਰਮ ਅਨਕੂਲ ਜੋ ਕੁਛ ਉਸਨੂੰ ਪ੍ਰਾਪਤ ਹੋਵੇ ਉਸ ਵਿਚ ਯਥਾ ਲਾਭ ਸੰਤੁਸ਼ਟ ਰਹਿ ਸਕਦਾ ਹੈ ॥

Original with:
Language Department Punjab
Digitized by:
Panjab Digital Library

ਅਤੇ ਲੇਖ ਭੀ ਮੇਰੇ ਪਿਆਰੇ ਪਿਤਾ ਜੀ ਦੀ ਦਾਤ ਹਨ, ਉਨ੍ਹਾਂ ਨੇ ਮੈਨੂੰ ਇਸ ਤਰੀਕੇ ਨਾਲ ਪਾਲਿਆ ਅਤੇ ਪੜ੍ਹਾਇਆ ਹੈ ਕਿ ਮੈਂ ਇਲਾਹੀ ਸਿਖੀ ਧਰਮ ਅਤੇ ਆਲਮਗੀਰ ਖਾਲਸਾ ਪੰਥ ਦੀ ਸੇਵਾ ਕਰ ਸਕਾਂ। ਅਕਾਲਪੁਰਖ ਜੀ ਉੱਪਰ ਭਰੋਸਾ ਹੈ ਕਿ ਉਹ ਸਮਾ ਆਵੇਗਾ ਕਿ ਮੈਂ ਹਰਵਕਤ ਬਿਲਾ [illegible] ਦੀ ਆਪਦੀ ਸੇਵਾ ਲੈਕਚਰਾਂ ਤੇ ਉਪਦੇਸ਼ਾਂ ਦੁਆਰਾ ਕਰ ਸਕਾਂ, ਅਤੇ ਆਪਣੇ ਸਤਿਗੁਰਾਂ ਦੇ ਅਪਾਰ ਖਜ਼ਾਨੇ ਵਿਚੋਂ ਹੋਰ ਲਾਲ ਜਵਾਹਰਾਤ ਆਪਦੇ ਪੇਸ਼ ਕਰ ਸਕਾਂ।

ਅਸਾਡੇ ਸਤਿਗੁਰੂ ਸੰਸਾਰ ਉੱਪਰ ਕੇਵਲ ਮਨੁਸ਼ ਮਾਤ੍ਰ ਦੇ ਉਧਾਰ ਵਾਸਤੇ ਆਏ ਸਨ ਅਤੇ ਅਸੀ ਉਹਨਾਂ ਦੇ ਸਿਖ ਤਦਹੀ ਕਹਾ ਸਕਦੇ ਹਾਂ ਜਦ ਅਸੀ ਉਹਨਾਂਦੀ ਅਰਸ਼ੀ ਮਿਸ਼ਨ ਨੂੰ ਸਦਾ ਉਸ ਉਤਸਾਹ, ਬਲ ਅਤੇ ਪੱਕੇ ਇਰਾਦੇ ਨਾਲ ਸਭ ਸੰਸਾਰ ਉੱਪਰ ਫੈਲਾਈਏ, ਜਿਸਦਾ ਇਹ ਮਹਾਨ ਕਾਰਜ ਹੱਕਦਾਰ ਹੈ॥

# ਸਤਿ ਸ੍ਰੀ ਅਕਾਲ



Original with:
Language Department Punjab
Digitized by:
Panjab Digital Library

*Original with:*
Language Department Punjab
*Digitized by:*
Panjab Digital Library

3. ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹ ਦਾ ਵਡਾ ਕਿਤਾ ਗੁਰਮੁਖੀ ਅਤੇ ਅੰਗਰੇਜ਼ੀ ਵਿਚ ਅਰਥ ਅਤੇ ਗੁੜ ਭਾਵ ਦੱਸਣ ਵਾਲਾ ਤੇ ਦੀਵਾਰਾਂ ਪਰ ਲਟਕਾਵਣ ਲਾਇਕ –)

4. ਓਹੋ ਕਿਤਾ ਕੇਵਲ ਅੰਗਰੇਜ਼ੀ ਵਿਚ ੨੫੦੦੦ ਛਪਿਆ ਪਿਸ਼ਾਵਰ ਵਿਚ ੨੧ ਮਾਰਚ ੧੯੧੧ ਨੂ, ਜਿਸਦੇ ਪਿਛੇ Universal Love, peace, harmony and unity movement ਦਾ ਇਸ਼ਤਿਹਾਰ ਭੀ ਛਪਿਆ ਹੋਇਆ ਹੈ )॥

5. Sikhism. A Universal Religion, in English 1st edition, 1,000 copies, used up.

Do. 2nd edition, revised and much enlarged will be soon out. 4 As.

6. Divine Charter for the Sikh University, Lahore, in Gurmukhi. ਸਿਖ ਯੂਨੀਵਰਸਿਟੀ ਲਾਹੌਰ ਵਿਚ ਸਾਜਣ ਦਾ ਅਕਾਲੀ ਹੁਕਮ ੨੩ ਜਨਵਰੀ ੧੯੧੩ ਦਾ )।

7. An Important Announcement, dated 1st January 1915, in English, containing, among other things, an offer of bringing about an honourable and abiding peace in Europe. 1 anna.

8. Revival of the Ancient Indian form of Swyamvara, a leaflet in English. 6 pies.

9. A leaflet, in English, meant to draw the attention of the discriminating public to the fraud,

Original with
Language Department Punjab
Digitized by:
Panjab Digital Library

newsp[illegible] e upon the public by giving a future date [illegible] their papers, *e.g.*, a paper is out at noon of 1st, bearing date the 2nd, and to the immoral morality and criminal usage of the present legal profession in deeming it as their duty to screen and protect even the most heinous criminals, only [illegible] they disclose facts, in confidence. 6 pies.

10. ‘The Sikh,’ ਅੰਗਰੇਜ਼ੀ ਰੋਜ਼ਾਨਾ ਅਖਬਾਰ ਨਿਕਾਲਣ ਦਾ ਅੰਗਰੇਜ਼ੀ ਲੀਫਲਿਟ ਜਿਸ ਵਿਚੋਂ ਸਿਖੀ ਦੇ ਉੱਚੇ ਆਦਰਸ਼ ਨਜ਼ਰ ਪਏ ਆਂਵਦੇ ਹਨ )॥

11. Tat Khalsa, a tract in English with criticisms answered. ਅੰਗਰੇਜ਼ੀ ਟਰੈਕਟ ਤਤ ਖਾਲਸਾ ਸਮੇਤ ਏਤਰਾਜ਼ਾਂ ਦੇ ਜਵਾਬਾਂ ਦੇ =)

12. ਸਿੱਖੀ ਵਿਦਯਾ (Sikh Education) ਅੰਗਰੇਜ਼ੀ ਲੇਖ, ਜੋ ਸ੍ਰੀਮਤੀ ਸਾਵਿਤ੍ਰੀਦੇਵੀ ਜੀ ਨੇ ਕਾਨਫਰੰਸ ੧੯੧੭ ਵਿਚ ਪੜ੍ਹਿਆ ਜਿਸਨੂੰ ਸਰਬੱਤ ਨੇ ਸਲਾਹਿਆ –) ਗੁਰਮੁਖੀ ਵਿਚ ਏਹੋ ਲੇਖ –)

13. Liquor, meat, and other low trades and callings. Price one pice.

ਧਰਮਾਤਮਾ ਮਨੁਖ ਮਾਤ੍ਰ ਦੀ

ਚਰਣ ਧੂੜ ਦਾ ਚਾਹਵਾਨ–

ਰੂਪ ਸਿੰਘ

Original with:
Language Department Punjab
Digitized by:
Panjab Digital Library

*Original with:*
Language Department Punjab
*Digitized by:*
Panjab Digital Library

*Original with:*
Language Department Punjab
*Digitized by:*
Panjab Digital Library